# ਯਿਸੂ ਦੇ ਨਾਂਅ ਵਿਚ ਦੁਆ
## ਯੂਹੰਨਾ 14:13, 14; 15:7; 16:23-26

*ਅਰ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ ਤਾਂ ਜੋ ਪੁੱਤਰ ਵਿਚ ਪਿਤਾ ਦੀ ਵਡਿਆਈ ਹੋਵੇ। ਜੇ ਤੁਸੀਂ ਮੇਰਾ ਨਾਮ ਲੈ ਕੇ ਮੈਥੋਂ ਕੁਝ ਮੰਗੋਗੇ ਤਾਂ ਮੈਂ ਉਹੋ ਕਰਾਂਗਾ (ਯੂਹੰਨਾ 14:13, 14)।*

ਜੇ ਤੁਸੀਂ ਮੇਰੇ ਵਿਚ ਰਹੋ ਅਤੇ ਮੇਰੀਆਂ ਗੱਲਾਂ ਤੁਹਾਡੇ ਵਿਚ ਰਹਿਣ ਤਾਂ ਜੋ ਚਾਹੋ ਮੰਗੋ ਅਤੇ ਉਹ ਤੁਹਾਡੇ ਲਈ ਹੋ ਜਾਵੇਗਾ (ਯੂਹੰਨਾ 15:7)।

ਅਤੇ ਉਸ ਦਿਨ ਤੁਸੀਂ ਮੈਥੋਂ ਕੋਈ ਸਵਾਲ ਨਾ ਕਰੋਗੇ। ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ, ਜੇ ਤੁਸੀਂ ਪਿਤਾ ਕੋਲੋਂ ਕੁਝ ਮੰਗੋ ਤਾਂ ਉਹ ਮੇਰੇ ਨਾਮ ਕਰਕੇ ਤੁਹਾਨੂੰ ਦੇਵੇਗਾ। ਅਜੇ ਤੀਕਰ ਤੁਸਾ ਮੇਰਾ ਨਾਮ ਲੈ ਕੇ ਕੁਝ ਨਹੀਂ ਮੰਗਿਆ। ਸਗੋਂ ਤਾਂ ਤੁਸੀਂ ਲਓਗੇ ਭਈ ਤੁਹਾਡਾ ਅਨੰਦ ਪੂਰਾ ਹੋਵੇ। ਉਸ ਦਿਨ ਤੁਸੀਂ ਮੇਰਾ ਨਾਮ ਲੈ ਕੇ ਮੰਗੋਗੇ ਅਤੇ ਮੈਂ ਤੁਹਾਨੂੰ ਨਹੀਂ ਆਖਦਾ ਭਈ ਮੈਂ ਪਿਤਾ ਅੱਗੇ ਤੁਹਾਡੇ ਲਈ ਬੇਨਤੀ ਕਰਾਂਗਾ (ਯੂਹੰਨਾ 16:23, 24, 26)।

ਇਹ ਪਾਠ ਨਿਰਣਾਇਕ ਹੈ। ਮੈਨੂੰ ਉਮੀਦ ਹੈ ਕਿ ਇਸ ਵਿਚ ਸਾਡੀ ਅਧਿਐਨ ਦੀ ਗੱਨ ਸੰਖੇਪ ਵਿਚ ਪਤਾ ਲੱਗ ਜਾਵੇਗੀ। ਇਹ ਸਾਨੂੰ ਸਿਖਾਵੇਗਾ ਕਿ ਦੁਆ ਕੀ *ਹੈ* ਅਤੇ ਕੀ *ਨਹੀਂ* ਹੈ। ਇਹ ਸ਼ਬਦ ਦੁਆ ਦੇ ਬਾਰੇ ਦੋ ਵੱਡੀਆਂ ਗਲਤੀਆਂ ਨੂੰ ਉਜਾਗਰ ਕਰਦਾ ਹੈ: (1) ਸਾਡਾ ਵਿਸ਼ਵਾਸ ਹੈ ਕਿ ਦੁਆ ਸਾਨੂੰ ਨਾਕਾਮਯਾਬ ਕਰ ਦਿੰਦੀ ਹੈ: ''ਮੈਂ ਕਿਸੇ ਚੀਜ਼ ਲਈ ਦੁਆ ਮੰਗੀ ਤੇ ਮੈਨੂੰ ਉਹ ਚੀਜ਼ ਨਹੀਂ ਮਿਲੀ।'' ਬਹੁਤ ਸਾਰੇ ਲੋਕ ਖ਼ੁਦਾ ਵਿਚ ਵਿਸ਼ਵਾਸ ਦੇ ਸੰਦੇਹ ਨਾਲ ਦੁਆ ਕਰਦੇ ਹਨ। (2) ਅਸੀਂ ਦੁਆ ਨੂੰ ਜਾਦੂ ਦੀ ਛੜੀ ਜਾਂ ਫਿਲਮਾਂ ਵਿਚ ਵਿਖਾਏ ਜਾਣ ਵਾਲੇ ਜਿਨ ਵਾਂਗ ''ਹੁਕਮ ਮੇਰੇ ਆਕਾ'' ਦੇ ਰੂਪ ਵਿਚ ਵੇਖਦੇ ਹਾਂ। ਇਹ ਵਿਸ਼ਵਾਸ ਨਹੀਂ ਹੈ, ਇਹ ਤਾਂ ਪਰੀ ਕਲਪਨਾ ਹੈ। ਜਿਸ ਗੱਲ ਲਈ ਮੈਂ ਦੁਆ ਕਰ ਰਿਹਾ ਹਾਂ, ਉਹ ਹੋ ਜਾਵੇਗਾ ਅਤੇ ਇਹ ਵਿਸ਼ਵਾਸ ਕਰਨ ਵਿਚ ਕਿ ਖ਼ੁਦਾ ਮੇਰੇ ਵਿਸ਼ਵਾਸ ਦੇ ਉੱਤਰ ਵਿਚ ਜਵਾਬ ਦੇਵੇਗਾ, ਬਹੁਤ ਫ਼ਰਕ ਹੈ।

### ਯਿਸੂ ਦੇ ਨਾਂਅ ਵਿਚ ਦੁਆ ਕਰਨਾ ਕੀ ਨਹੀਂ ਹੈ

ਯਿਸੂ ਦੇ ਨਾਂਅ ਵਿਚ ਦੁਆ ਕਰਨ ...

(1) *ਇਕ ਠੱਪਾ* ਨਹੀਂ ਹੈ। ਜ਼ਿਆਦਾਤਰ ਲੋਕ ਇਹੀ ਨਿਚੋੜ ਕੱਢਦੇ ਹਨ ਕਿ ਹਰ ਦੁਆ ਦਾ ਅੰਤ ''ਯਿਸੂ ਦੇ ਨਾਂਅ ਵਿਚ'' ਹੋਣਾ ਜ਼ਰੂਰੀ ਹੈ। ਬਿਨਾਂ ਯਿਸੂ ਦੇ ਅਰਥਾਤ ਉਸਦੇ ਨਾਂਅ ਦੇ ਅਸੀਂ ਦੁਆ ਨਹੀਂ ਕਰ ਸਕਦੇ। ਪਰ ਯਿਸੂ ਦੇ ਨਾਂਅ ਵਿਚ ਦੁਆ ਕਰਨਾ ''ਯਿਸੂ ਦੇ ਨਾਂਅ'' ਵਿਚ ਦੁਆ ਖ਼ਤਮ ਕਰਨ ਤੋਂ ਕਿਤੇ ਵੱਧ ਹੈ। ਮਸੀਹੀ ਆਦਮੀ ਜੋ ਵੀ ਸੋਚਦਾ ਹੈ, ਕਹਿੰਦਾ ਅਤੇ ਕਰਦਾ ਹੈ, ਉਹ ''ਯਿਸੂ ਦੇ ਨਾਂਅ ਵਿਚ'' ਹੁੰਦਾ ਹੈ (ਕੁਲੁੱਸੀਆਂ 3:17)। ਦੁਆ ''ਯਿਸੂ ਦੇ ਨਾਂਅ ਵਿਚ'' ਕੀਤੇ ਬਿਨਾਂ ''ਯਿਸੂ ਦੇ ਨਾਂਅ ਵਿਚ'' ਪੂਰੀ ਕੀਤੀ ਜਾ ਸਕਦੀ ਹੈ। ਯਿਸੂ ਦੇ ਨਾਂਅ ਵਿਚ ਦੁਆ ਕਰਨਾ ਇਕ ਐਲਾਨ ਨਾਲੋਂ ਵਧ ਕੇ ਹੈ ਕਿਉਂਕਿ ਇਹ ਇਕ ਰੂਹਾਨੀ ਸੱਚਾਈ ਹੈ।

(2) *ਆਗਿਆ* ਨਹੀਂ ਹੈ। ਦੁਆ ਇਕ ਬੇਨਤੀ ਹੈ ਨਾ ਕਿ ਇਕ ਮੰਗ। ਕਈ ਲੋਕ ਬਿਨਾਂ ਵਿਚਾਰੇ

ਇਹ ਸਿੱਖਿਆ ਦਿੰਦੇ ਹਨ ਕਿ ਮਸੀਹੀ ਲੋਕਾਂ ਨੂੰ ਯਿਸੂ ਦੇ ਨਾਂਅ ਵਿਚ ਦੁਆ ਕਰਨ ਦਾ ਹੱਕ ਮਿਲਿਆ ਹੋਇਆ ਹੈ। ਦੁਆ ਮੰਗ ਕਰਨਾ ਨਹੀਂ, ਬਲਕਿ ਮੰਗਣਾ ਹੈ। ਦੁਆ ਆਪਣੇ ਆਪ ਨੂੰ ਬੇਬਸ ਬਣਾਉਣਾ ਹੈ। ਇਹ ਵਿਚਾਰ ਕਿ ਦੁਆ ਵਿਚ ਆਗਿਆ ਦਿੱਤੀ ਜਾਂਦੀ ਹੈ, ਦੁਆ ਦੀ ਧਾਰਨਾ ਦੇ ਵਿਪਰੀਤ ਹੈ। ਐਸਾ ਨਹੀਂ ਹੋ ਸਕਦਾ। ਖ਼ੁਦਾ ਦੁਆ ਦਾ ਗੁਲਾਮ ਨਹੀਂ ਹੈ। ਕਿਸੇ ਸਮੇਂ ਆਪਣੇ ਪਾਪਾਂ ਦਾ ਇਕਰਾਰ ਕਰਨ ਵਾਲੀ ਕਲੀਸੀਆ, ਹੁਣ ਉਸ ਦੇ ਸਾਹਮਣੇ ਆਪਣੇ ਹੱਕਾਂ ਦਾ ਦਾਅਵਾ ਕਰਦੀ ਹੈ। ਇਸ ਵਿਚ ਗ਼ਲਤ ਖ਼ੁਦਾ ਨਹੀਂ, ਬਲਕਿ ਕਲੀਸੀਆ ਹੈ। ਦੁਆ ਦਾ ਜਵਾਬ ਸਿਰਫ਼ ਖ਼ੁਦਾ ਦਿੰਦਾ ਹੈ। ਉਹ ਸਾਡੀ ਹਰ ਮਰਜ਼ੀ ਪੂਰੀ ਕਰਨ ਦਾ ਸਾਧਨ ਨਹੀਂ ਬਣ ਸਕਦਾ। ''ਮੇਰੀ ਮਰਜ਼ੀ ਪੂਰੀ ਹੋਵੇ'' ਦਾ ਅਰਥ ''ਤੇਰੀ ਮਰਜ਼ੀ ਪੂਰੀ ਹੋਵੇ'' ਨਹੀਂ ਹੋ ਸਕਦਾ। ਸੁਆਰਥ ਸ਼ਕਤੀ ਤੇ ਪਹਿਚਾਣ ਬਣਾਉਣਾ ਦੁਆ ਦੇ ਵਿਰੋਧੀ ਸ਼ਬਦ ਹਨ; ਫਿਰ ਵੀ ਦਿਖਾਵਟੀ ਧਰਮ ਦਾ ਲੋਕਾਂ ਤੇ ਜ਼ਬਰਦਸਤ ਅਸਰ ਹੈ। ਇਹ ਅਜੀਬ ਗੱਲ ਹੈ ਕਿ ਕਿੰਨੇ ਲੋਕ ਇਸ ਗੱਲ ਤੇ ਵਿਚਾਰ ਕਰਦੇ ਹਨ ਕਿ ਖ਼ੁਦਾ ਉਨ੍ਹਾਂ ਦੀਆਂ ਸਾਰੀਆਂ ਦੁਆਵਾਂ ਦਾ ਜਵਾਬ ਦੇਣ ਲਈ ਮਜਬੂਰ, ਜਿਹੜਾ ਕਿ ਉਨ੍ਹਾਂ ਦੇ ਸਮੇਂ ਤੇ ਉਨ੍ਹਾਂ ਦੀਆਂ ਸ਼ਰਤਾਂ ਦੇ ਅਨੁਸਾਰ ਹੋਵੇ। ਦੁਆ ਦੇ ਸਬੰਧ ਵਿਚ ਬਹੁਤ ਸਾਰੀਆਂ ਗ਼ਲਤ ਧਾਰਨਾਵਾਂ ਹਨ। ਵਿਸ਼ਵਾਸ ਨਾਲ ਮੰਗੋ, ਪਰ ਮੰਗ ਨਾ ਰੱਖੋ। ਖ਼ੁਦਾ ਸਿਰਫ਼ ਆਪਣੇ ਫ਼ਜ਼ਲ ਨਾਲ ਦਿੰਦਾ ਹੈ। ਆਪਣੇ ਖ਼ਿਆਲਾਂ ਨਾਲ ਉਸ ਨੂੰ ਦਾਨ ਦੇਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਅਜਿਹੀ ਇੱਛਾ ਕਰਨਾ ਖ਼ੁਦਾ ਤੇ ਦੁਆ ਦੋਵਾਂ ਦਾ ਅਪਮਾਨ ਕਰਨਾ ਹੈ। ਅਸੀਂ ਸਭ ਭਿਆਰੀ ਹਾਂ। ਸੁਭਾਅ ਤੋਂ ਹੀ, ਭਿਖਾਰੀ ਕਿਸੇ ਗੱਲ ਦੀ ਮੰਗ ਨਹੀ ਰੱਖ ਸਕਦੇ। ''ਭਿਖਾਰੀਆਂ ਨੂੰ ਉਨ੍ਹਾਂ ਦੀ ਪਸੰਦ ਦੇ ਅਨੁਸਾਰ ਨਹੀਂ ਦਿੱਤਾ ਜਾਂਦਾ।''

## ਯਿਸੂ ਦੇ ਨਾਂਅ ਵਿਚ ਦੁਆ ਕਰਨਾ ਕੀ ਹੈ

ਯਿਸੂ ਦੇ ਨਾਂਅ ਵਿਚ ਦੁਆ ਕਰਨ ਵਿਚ ਹੇਠ ਲਿਖੀਆਂ ਗੱਲਾਂ ਸ਼ਾਮਿਲ ਹਨ:

(1) *ਖ਼ੁਦ ਨੂੰ ਮਾਰਨਾ।* ਕਿਸੇ ਦੂਜੇ ਦੇ ਨਾਂਅ ਵਿਚ ਦੁਆ ਕਰਨ ਲਈ ਖੁਦ ਨੂੰ ਪੂਰੀ ਤਰ੍ਹਾ ਮਾਰਨਾ ਜ਼ਰੂਰੀ ਹੈ। ਦੁਆ ਆਪਣਾ ਦਾਅਵਾ ਕਰਨਾ ਨਹੀਂ, ਬਲਕਿ ਆਪਣਾ ਇਨਕਾਰ ਕਰਨਾ ਹੈ। ਦੁਆ ਬੇਬਸ ਲੋਕ ਹੀ ਕਰਦੇ ਹਨ। ਦੁਆ ਇਸ ਗੱਲ ਦਾ ਸੰਕੇਤ ਹੈ ਕਿ ਇਸ ਨੂੰ ਕਰਨ ਵਾਲਾ ਪੂਰੀ ਤਰ੍ਹਾਂ ਨਾਲ ਦੀਵਾਲੀਆ ਹੈ। ਉਸਦੇ ਨਾਂਅ ਵਿਚ ਦੁਆ ਕਰਨਾ ਆਪਣੇ ਆਪ ਤੋਂ ਆਜ਼ਾਦ ਹੋਣਾ ਹੈ। ਅਸੀਂ ਹੁਣ ਯਿਸੂ ਦੇ ਅਤੇ ਸਿਰਫ਼ ਯਿਸੂ ਦੇ ਹੋਣ ਲਈ ਆਜ਼ਾਦ ਹਾਂ।

(2) *ਯਿਸੂ ਨੂੰ ਕਬੂਲ ਕਰਨਾ।* ਯਿਸੂ ਸਾਡਾ ਪ੍ਰਤਿਨਿਧੀ ਹੈ। ਕੋਈ ਖ਼ੁਦਾ ਦੀ ਹਜ਼ੂਰੀ ਵਿਚ ਦਾਖਲ ਨਹੀਂ ਹੋ ਸਕਦਾ। ਇਸ ਲਈ ਹਰ ਦੁਆ ''ਯਿਸੂ ਦੇ ਨਾਮ ਵਿਚ'' ਹੋਣੀ ਜ਼ਰੂਰੀ ਹੈ। ਉਹ ਹੀ ਖ਼ੁਦਾ ਦਾ ਲੇਲਾ ਹੈ। ਮਸੀਹੀ ਲੋਕ ਖ਼ੁਦਾ ਦੇ ਤਖ਼ਤ ਦੇ ਸਾਹਮਣੇ ਇਕ ਅਤੇ ਸਿਰਫ਼ ਇੱਕੋ ਕਾਰਣ ਮਜ਼ਬੂਤੀ ਨਾਲ ਖੜੇ ਰਹਿੰਦੇ ਹਨ, ਅਤੇ ਇਹ ਕਾਰਣ ਹੈ ਯਿਸੂ ਦਾ ਲਹੂ (ਇਬਰਾਨੀਆਂ 4: 14–16)। ''ਯਿਸੂ ਦੇ ਨਾਂਅ ਵਿਚ'' ਦੁਆ ਕਰਨਾ ਇਕ ਅਪਨਾਏ ਗਏ ਨਾਂਅ ਦੇ ਅਧੀਨ ਹੋਕੇ ਦੁਆ ਕਰਨਾ ਹੈ। ''ਯਿਸੂ ਦੇ ਨਾਂਅ ਵਿਚ'' ਦੁਆ ਕਰਨਾ ਇਕ ਪਵਿੱਤਰ ਭਰੋਸਾ, ਅਰਥਾਤ ਪਵਿੱਤਰ ਕੀਤੀ ਗਈ ਬਰਕਤ ਹੈ। ਯਿਸੂ ਨੇ ਸਾਨੂੰ ਆਪਣਾ ਨਾਂਅ ਦਿੱਤਾ ਹੈ। ਇਹ ਸਾਡੀ ਅਨੰਤ ਜਾਇਦਾਦ ਹੈ।

(3) *ਖ਼ੁਦਾ ਨੂੰ ਇੱਜ਼ਤ ਦੇਣਾ।* ਯੂਹੰਨਾ 14: 13, 14 ਦੋਬਾਰਾ ਪੜ੍ਹੋ ਯਿਸੂ ਸਾਨੂੰ ਕੇਵਲ ਬਾਦ ਦੀ ਮਹਿਮਾ ਕਰਨ ਲਈ ਬਰਕਤ ਦਿੰਦਾ ਹੈ। ਝੂਠੇ ਨਬੀ ਕੇਵਲ ਪਹਿਲੇ ਭਾਗ ਦਾ ਪ੍ਰਚਾਰ ਕਰਦੇ ਹਨ ਕਿ ''ਮੰਗੋ, ਤਾਂ ਤੁਹਾਨੂੰ ਦਿੱਤਾ ਜਾਵੇਗਾ।'' ਉਹ ਅਸਾਨੀ ਨਾਲ ਦੂਜੀ ਗੱਲ ਨੂੰ ''ਕਿ ਪਿਤਾ ਦੀ ਵਡਿਆਈ ਹੋਵੇ'' ਨਜ਼ਰਅੰਦਾਜ਼ ਕਰ ਦਿੰਦੇ ਹਨ। ਇਸ ਤੋਂ ਤੇ ਅਲਗ ਤਸਵੀਰ ਬਣ ਜਾਂਦੀ ਹੈ। ਸੁਆਰਥੀ ਦੁਆ ਵਿਚ ਉਹੋ ਚਾਹੁੰਦਾ ਹੈ ਜੋ ਇਸਦੀ ਮਰਜ਼ੀ ਹੋਵੇ; ਵਿਸ਼ਵਾਸ ਨਾਲ ਦੁਆ ਕਰਨ ਦਾ ਮਕਸਦ ਖ਼ੁਦਾ ਦੀ ਵਡਿਆਈ ਕਰਨਾ ਹੈ।

(4) *ਮਸੀਹ ਦੇ ਨਾਲ ਮੇਲ।* ਇਹ ਕਲਾਮ ਯੂਹੰਨਾ ਦੀ ਇੰਜੀਲ ਵਿਚ ਮਿਲਦਾ ਹੈ। ਇਨ੍ਹਾਂ ਵਿਚਿੱਤਰ ਆਇਤਾਂ ਦਾ ਸੰਦਰਭ ਯਿਸੂ ਨੂੰ ਖ਼ੁਦਾ ਦੀ ਮਹਿਮਾ ਕਰਦੇ, ਪਵਿੱਤਰ ਆਤਮਾ ਦੀ ਪ੍ਰਤਿਗਿਆ ਕਰਦੇ, ਅਤੇ ਸਾਨੂੰ ਦਾਖ ਨਾਲ, ਕਲਾਮ ਵਿਚ ਅਤੇ ਉਸ ਵਿਚ ਬਣੇ ਰਹਿਣ ਦੀ ਚਿਤਾਵਨੀ ਦਿੰਦਿਆਂ ਪਾਉਂਦੇ ਹਾਂ। ਵਿਸ਼ਾ, ''ਬਣੇ ਰਹਿਣਾ'' ਹੈ। ''ਯਿਸੂ ਦੇ ਨਾਂਅ ਵਿਚ'' ਦੁਆ ਕਰਨਾ ਉਸਦੇ ਨਾਲ ਸਾਡੇ ਗਹਿਰੇ ਸਬੰਧ ਦੇ ਕਾਰਣ ਆਉਂਦਾ ਹੈ। ਪਾਕ ਖ਼ੁਦਾ ਕੋਲ ਅਸੀਂ ਸਿਰਫ਼ ਯਿਸੂ ਦੇ ਨਾਮ ਵਿਚ ਹੀ ਕਬੂਲੇ ਜਾਂ ਸਕਦੇ ਹਾਂ। ਸਿਰਫ਼ ਯਿਸੂ ਵਿਚ ਹੀ ਅਸੀਂ ਦ੍ਰਿੜਤਾ ਨਾਲ ਖਦਾ ਦੇ ਸਾਹਮਣੇ ਖੜੇ ਹੋ ਸਕਦੇ ਹਾਂ।

(5) *ਖ਼ੁਦਾ ਦੀ ਮਰਜ਼ੀ ਵਿਚ ਦੁਆ ਕਰਨਾ।* ਯੂਹੰਨਾ ਨੇ ਸਾਡੇ ਤੇ ਹੋਰ ਵੀ ਸਾਫ਼ ਢੰਗ ਨਾਲ ਪ੍ਰਗਟ ਕੀਤਾ ਹੈ ਕਿ ਦੁਆ ਦਾ ਸੁਣਿਆ ਜਾਣਾ ਖ਼ੁਦਾ ਦੀ ਮਕਜ਼ੀ ਨਾਲ ਮੇਲ ਖਾਂਦਾ ਸੀ (1 ਯੂਹੰਨਾ 5: 14, 15)। ਡਿਗਿਆ ਹੋਇਆ, ਅਗਿਆਨੀ ਮਨੁੱਖ ਇਕ ਅਸੀਮ, ਸਰਵਸ਼ਕਤੀਮਾਨ ਪਰਮੇਸ਼ੁਰ ਦੀ ਮਰਜ਼ੀ ਤੇ ਹਾਵੀ ਕਿਉਂ ਹੋਣਾ ਚਾਹੁੰਦਾ ਹੈ? ਖ਼ੁਦਾ ਦੀ ਮਰਜ਼ੀ ਸਾਡੀ ਸਭ ਤੋਂ ਵੱਡੀ ਬਰਕਤ ਅਤੇ ਹਿਫ਼ਾਜ਼ਤ ਹੈ। ਖ਼ੁਦਾ ਦੀ ਮਰਜ਼ੀ ਤੋਂ ਬਾਹਰ ਦੁਆ ਕਰਨਾ ਮੂਰਖਤਾ ਹੋਵੇਗੀ। ਯਿਸੂ ਦੀਆਂ ਦੁਆਵਾਂ ''ਤੇਰੀ ਮਰਜ਼ੀ ਪੂਰੀ ਹੋਵੇ'' ਤੇ ਹੀ ਕੇਂਦਰਿਤ ਹੁੰਦੀਆਂ ਸਨ। ''ਯਿਸੂ ਦੇ ਨਾਮ'' ਵਿਚ ਦੁਆ ਕਰਨਾ ਯਿਸੂ ਦੇ ਵਾਂਗਰ ਦੁਆ ਕਰਨਾ; ਯਿਸੂ ਦੇ ਸੁਭਾਅ ਵਿਚ ਮਿਲ ਕੇ ਉਹ ਦੁਆ ਕਰਨਾ ਹੈ; ਜੋ ਯਿਸੂ ਕਰਦਾ ਸੀ।

(6) *ਸਹੁੰ ਖਾਂਦਿਆਂ ਦੁਆ ਕਰਨਾ।* ਦੁਆ ਵੈਰਾਗੀਆਂ ਵਾਲਾ ਤਿਆਗ ਨਹੀਂ ਹੈ। ਦੁਆ ਖ਼ੁਦਾ ਨੂੰ ਵਿਚ ਲਿਆਉਂਦੀ ਹੈ। ਇਕ ਬੱਚੇ ਨੇ ਆਪਣੇ ਪਿਓ ਕੋਲੋਂ ਪੁੱਛਿਆ, ''ਕੀ ਤੁਸੀਂ ਮੈਨੂੰ ਉਹ ਸਭ ਲੈ ਕੇ ਦੇਵੋਗੇ ਜੋ ਮੈਨੂੰ ਚਾਹੀਦਾ ਹੈ?'' ਬਾਪ ਦਾ ਜਵਾਬ ਸੀ, ''ਨਹੀਂ, ਪਰ ਮੈਂ ਤੈਨੂੰ ਸਭ ਕੁਝ ਦਿਆਂਗਾ।'' ਜੇ ਸਾਡੀ ਬੇਨਤੀ ਗ਼ਲਤ ਹੈ ਤਾਂ ਖ਼ੁਦਾ ਸਿਰਫ਼ ਇੰਨਾ ਕਹਿੰਦਾ ਹੈ, ''ਨਹੀਂ।'' ਜੇਕਰ ਅਜੇ ਦੇਣ ਦਾ ਸਮਾਂ ਨਹੀਂ ਹੈ ਤਾਂ ਖ਼ੁਦਾ ਕਹਿੰਦਾ ਹੈ, ''ਰੁਕ ਜਾ।'' ਜੇ ਅਸੀਂ ਗਲਤ ਹੁੰਦੇ ਹਾਂ ਤਾਂ ਖ਼ੁਦਾ ਕਹਿੰਦਾ ਹੈ, ''ਪਹਿਲਾਂ ਸਿਆਣਾ ਹੋ ਜਾ।'' ਜਦ ਬੇਨਤੀ ਸਹੀ ਹੁੰਦੀ ਹੈ,ਸਮਾਂ ਸਹੀ ਹੁੰਦਾ ਹੈ ਅਤੇ ਅਸੀਂ ਸਹੀ ਹੁੰਦੇ ਹਾਂ, ਤਾਂ ਖਦਾ ਕਹਿੰਦਾ ਹੈ, ''ਜਾ।'' ਅਸਲ ਵਿਚ ਜਵਾਬ ਮਿਲੀ ਦੁਆ ਦਾ ਮਹਾਨ ਰੋਮਾਂਚ ਇਹ ਨਹੀਂ ਕਿ ਅਸੀਂ ਜੋ ਮੰਗਿਆ ਉਹ ਸਾਨੂੰ ਮਿਲ ਗਿਆ, ਬਲਕਿ ਖ਼ੁਦਾ ਨੂੰ ਕੰਮ ਕਰਦੇ ਵੇਖਕੇ ਦੀਨ ਕਰਨ ਵਾਲਾ ਰੋਮਾਂਚ ਹੈ ਕਿ ਖ਼ੁਦਾ ਮੇਰੀ ਜ਼ਿੰਦਗੀ ਵਿਚ ਕੰਮ ਕਰਦਾ ਹੈ। ਖ਼ੁਦਾ ਦੀ ਵੱਡੀ ਬਰਕਤ ਇਹ ਨਹੀਂ ਹੈ ਕਿ ਖ਼ੁਦਾ ਕੀ ਦਿੰਦਾ ਹੈ, ਬਲਕਿ ਖ਼ੁਦਾ ਖ਼ੁਦਾ ਹੈ। ''ਯਿਸੂ ਦੇ ਨਾਂਅ ਵਿਚ'' ਦੁਆ ਕਰਨਾ ਵਾਲੇ ਲਈ ਡੂੰਘੀ ਆਸਥਾ ਅਤੇ ਉਮੀਦ ਨਾਲ ਦੁਆ ਕਰਨਾ ਜ਼ਰੂਰੀ ਹੈ।

## ਦੁਆ ਵਿਚ ਚੰਗਿਆਈ

> ਕੀ ਤੁਹਾਡੇ ਵਿਚ ਕੋਈ ਦੁਖੀ ਹੈ? ਤਾਂ ਪ੍ਰਾਰਥਨਾ ਕਰੇ। ਕੋਈ ਅਨੰਦ ਹੈ? ਤਾਂ ਭਜਨ ਗਾਵੇ। ਕੀ ਤੁਹਾਡੇ ਵਿਚ ਕੋਈ ਮਾਂਦਾ ਹੈ? ਤਾਂ ਕਲੀਸੀਆ ਦੇ ਬਜ਼ੁਰਗਾਂ ਨੂੰ ਸੱਦ ਘੱਲੇ ਅਤੇ ਓਹ ਪ੍ਰਭੂ ਦਾ ਨਾਮ ਲੈ ਕੇ ਉਹ ਨੂੰ ਤੇਲ ਝੱਸਣ ਅਤੇ ਉਸ ਲਈ ਪ੍ਰਾਰਥਨਾ ਕਰਨ। ਅਤੇ ਪ੍ਰਾਰਥਨਾ ਜਿਹੜੀ ਨਿਹਚਾ ਨਾਲ ਹੋਵੇ ਓਸ ਬਿਮਾਰ ਨੂੰ ਬਚਾਵੇਗੀ ਅਤੇ ਪ੍ਰਭੂ ਉਹ ਨੂੰ ਉਠਾ ਖੜਾ ਕਰੇਗਾ, ਅਤੇ ਜੇ ਉਹ ਨੇ ਪਾਪ ਕੀਤੇ ਹੋਣ ਤਾਂ ਉਹ ਨੂੰ ਮਾਫ਼ ਕੀਤੇ ਜਾਣਗੇ। ਇਸ ਲਈ ਤੁਸੀਂ ਆਪੋ ਵਿੱਚੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੋ ਅਤੇ ਇਕ ਦੂਏ ਲਈ ਪ੍ਰਾਰਥਨਾ ਕਰੋ ਭਈ ਤੁਸੀਂ ਨਰੋਏ ਹੋ ਜਾਓ। ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ (ਯਾਕੂਬ 5: 13–16)।

ਇਨ੍ਹਾਂ ਆਇਤਾਂ ਵਿਚ ਕਿੰਨਾ ਕੁਝ ਕਿਹਾ ਗਿਆ ਹੈ। ਦੁਆ ਚੁੱਪੀ ਨੂੰ ਤੋੜਨਾ ਹੀ ਹੈ। ਅਸਲ ਵਿਚ ਦੁਆ ਇਹੋ ਹੀ ਹੈ। ਇਹ ਸਾਡੀ ਉਹ ਲੋੜ ਹੈ, ਜਿਸਦੀ ਜਾਣਕਾਰੀ ਅਤੇ ਗਿਆਨ ਹੋਣਾ ਜ਼ਰੂਰੀ ਹੈ। ਦੁਆ ਜ਼ਿੰਦਗੀ ਨੂੰ ਬਹੁਤ ਡੂੰਘਿਆਈ ਤਕ ਲੈ ਜਾਂਦੀ ਹੈ। ਇਸ ਲਈ ਹਰ ਦੁਆ ਮੂਲ ਰੂਪ ਵਿਚ ਚੰਗਿਆਈ ਲਈ ਅਰਥਤਾ ਮੇਰੀ ਚੰਗਿਆਈ ਜਾਂ ਤੁਹਾਡੀ ਚੰਗਿਆਈ ਲਈ ਹੀ ਹੁੰਦੀ ਹੈ। ਦੁਆ

ਤੋਂ ਚੰਗਿਆਈ ਲਈ ਵਿਸ਼ਵਾਸ ਮਿਲਦਾ ਹੈ। ਮਹਾਨ ਕਥਨ, ''ਦੁਆ ਨਾਲ ਬਹੁਤ ਕੁਝ ਹੋ ਸਕਦਾ ਹੈ'' ਦੁਆ ਦੇ ਸੰਦਰਭ ਵਿਚ ਹੀ ਹੈ। ਦੁਆ ਵਿਚ ਚੰਗੀ ਸਿਹਤ ਤੇ ਚੰਗਿਆਈ ਹੈ; ਤਾਂ ਵੀ ਇਸ ਗੱਲ ਨੂੰ ਗ਼ਲਤ ਸਮਝਿਆ ਜਾਂਦਾ ਹੈ; ਗ਼ਲਤ ਸਿਖਾਇਆ ਜਾਂਦਾ ਹੈ ਅਤੇ ਇਸ ਦਾ ਦੁਰਉਪਯੋਗ ਕੀਤਾ ਜਾਦਾ ਹੈ। ਕਰਿਸ਼ਮਾਈ ਵਿਚਾਰਧਾਰਾ ਦਾ ਆਧਾਰ ਇਹੀ ਹੈ ਕਿ ਖ਼ੁਦਾ ਚੰਗਿਆਈ ਦੇ ਸਕਦਾ ਹੈ, ਇਸ ਲਈ ਇਸ ਤੋਂ ਚੰਗਿਆਈ ਮਿਲਣੀ *ਹੀ ਚਾਹੀਦੀ* ਹੈ। ਪਰ ਗੈਰ ਕਰਿਸ਼ਮਾਈ ਲੋਕਾਂ ਦਾ ਵਿਸ਼ਵਾਸ ਹੈ ਕਿ ਖ਼ੁਦਾ ਚੰਗਿਆਈ ਦੇ ਸਕਦਾ ਹੈ, ਪਰ ਇਹ *ਦੇਵੇਗਾ ਨਹੀਂ।* ਦੋਵੇਂ ਹੀ ਗ਼ਲਤ ਹਨ। ਖ਼ੁਦਾ ਚੰਗਿਆਈ ਦਿੰਦਾ ਹੈ। ਵਿਸ਼ਵਾਸ ਨਾਲ। ਦੁਆ ਦੇ ਦੁਆਰਾ।

(1) ਯਿਸੂ ਚੰਗਿਆਈ ਦੇਣ ਵਾਲਾ ਹੈ ਉਹ ਗੁਆਚਿਆ ਨੂੰ ਲੱਭਣ ਤੇ ਬਚਾਉਣ ਆਇਆ ਹੈ (ਲੂਕਾ 19:10)। ਸਾਨੂੰ ''ਪਾਪ ਨੂੰ ਝਾੜੂ ਨਾਲ ਗਲੀਚੇ ਦੇ ਹੇਠਾਂ ਕਰਨ'' ਜਾਂ ਇਹ ਯਕੀਨ ਦੁਆਉਣ ਲਈ ਕਿ ਕੁਝ ਗੜਬੜ ਨਹੀਂ ਹੈ, ਕਿਸੇ ਗੁਰੂ ਦੀ ਲੋੜ ਨਹੀਂ ਹੈ। ਅਸੀਂ ਸਭ ਜਾਣਦੇ ਹਾਂ ਕਿ ਕੁਝ ਗੜਬੜ ਜ਼ਰੂਰ ਹੈ। ਅਸੀਂ ਸਭ ਚੰਗੀ ਤਰ੍ਹਾਂ ਦੇ ਨਾਲ ਜਾਣਦੇ ਹਾਂ ਕਿ ਇਹ ਨਜਾਤ ਦੀ ਲੋੜ ਹੈ। ਨਿਰਾਲਾ ਮੁਕਤੀਦਾਤਾ ਹੈ ਉਹ। ਯਿਸੂ ਮਸੀਹ ਸੰਸਾਰ ਦੀ ਚੰਗਿਆਈ ਦੇਣ ਵਾਲੀ ਸਮਰਥਾ ਹੈ। ਯਿਸੂ ਮਸੀਹ ਹੀ ਸੰਸਾਰ ਦੀ ਚੰਗਿਆਈ ਦੇਣ ਵਾਲੀ *ਇਕ ਮਾਤਰ* ਸ਼ਕਤੀ ਹੈ। ਇੱਥੋਂ ਹੀ ਚੰਗਿਆਈ ਦੀ ਸ਼ੁਰੂਆਤ ਹੁੰਦੀ ਹੈ। ਯਿਸੂ ਕਲੀਸੀਆ ਤੋਂ ਚੰਗਿਆਈ ਦੇਣ ਵਾਲਾ ਉਸ ਦਾ ਸਮਾਜ ਬਣਨ ਦੀ ਉਮੀਦ ਕਰਦਾ ਹੈ। ਇੱਥੇ ਹੀ ਰੂਹਾਂ ਬਚਾਈਆਂ ਜਾਂਦੀਆਂ ਹਨ ਅਤੇ ਜ਼ਿੰਦਗੀ ਬਦਲ ਜਾਂਦੀ ਹੈ। ਯਿਸੂ ਜ਼ਿੰਦਗੀ ਦੇ ਇਕ ਪਹਿਲੂ ਨੂੰ ਛੂਹ ਕੇ ਬਾਕੀ ਚੰਗਾ ਕੀਤੇ ਬਗ਼ੈਰ ਨਹੀਂ ਛੱਡੇਗਾ। ਯੂਹੰਨਾ 5:14 ਵਿਚ ਉਸਨੇ ਅਧਰੰਗੀ ਨੂੰ ਕਿਹਾ ਸੀ, ''ਫੇਰ ਪਾਪ ਨਾ ਕਰੀਂ।'' ਜਦ ਇਕ ਅਧਰੰਗੀ ਨੂੰ ਛੱਤ ਵਿੱਚੋਂ ਲਮਕਾਇਆ ਗਿਆ ਸੀ ਤਾਂ, ਯਿਸੂ ਨੇ ਉਸ ਨੂੰ ਇਹ ਕਹਿ ਕੇ ਚੰਗਿਆਈ ਦਿੱਤੀ ਸੀ ਕਿ ''ਤੇਰੇ ਪਾਪ ਮਾਫ਼ ਹੋਏ'' (ਲੂਕਾ 5:18–26)। ਇਹ ਲੋਕ ਸਿਰਫ਼ ਜਿਸਮਾਨੀ ਚੰਗਿਆਈ ਦੀ ਖੋਜ ਵਿਚ ਸਨ, ਪਰ ਯਿਸੂ ਨੇ ਰੂਹਾਨੀ ਚੰਗਿਆਈ ਵੀ ਦੇ ਦਿੱਤੀ। ਉਹ ਸਾਡੇ ਮੰਗਣ ਤੋਂ ਵੱਧ ਹੀ ਦਿੰਦਾ ਹੈ।

(2) ਸਾਡਾ ਆਧੁਨਿਕ ਸੰਸਾਰ ਮਨੋਵਿਗਿਆਨ ਦੇ ਕਬਜ਼ੇ ਵਿਚ ਹੈ। ਕਲੀਸੀਆਵਾਂ ਵਿਚ ਧਰਮਵਿਗਿਆਨ ਨਾਲੋਂ ਬਹੁਤਾ ਮਨੋਵਿਗਿਆਨ ਦਾ ਪ੍ਰਚਾਰ ਕੀਤਾ ਜਾਂਦਾ ਹੈ। ਅਸਲ ਚੰਗਿਆਈ ਸਿਰਫ਼ ਧਰਮ ਵਿਗਿਆਨ (ਬਾਈਬਲ ਦੀ ਸੱਚਾਈ) ਤੋਂ ਹੀ ਆ ਸਕਦੀ ਹੈ। ਹੋ ਸਕਦਾ ਹੈ ਕਿ ਤੰਦਰੁਸਤ ਜਿਸਮ ਵਾਲੇ ਆਦਮੀ ਦੀ ਰੂਹ ਗੁਆਚੀ ਹੋਵੇ। ਇਕ ਨਸ਼ਾ ਛੱਡਣ ਵਾਲਾ ਉਸ ਤੋਂ ਵੀ ਬੁਰੇ ਸੱਤ ਨਸ਼ਿਆਂ ਵਿੱਚ ਫਸ ਸਕਦਾ ਹੈ। ਸ਼ਖਸੀਅਤ ਨੂੰ ਸੁਭਾਅ ਨਾਲ ਕਦੀ ਨਹੀਂ ਉਲਝਾਉਣਾ ਚਾਹੀਦਾ। ਮਨੋਵਿਗਿਆਨ ਕੰਮ ਨਹੀਂ ਆਉਂਦਾ। ਮਨੋਵਿਗਿਆਨ (''ਮਨ ਦਾ ਅਧਿਐਨ'') ਮਨ ਨੂੰ ਪੜ੍ਹ ਹੀ ਨਹੀਂ ਸਕਦਾ। ਮਨੋਵਿਗਿਆਨ ''ਪਾਪ'' ਸ਼ਬਦ ਦੀ ਗੱਲ ਨਹੀਂ ਕਰ ਸਕਦਾ। ਮਨੋਵਿਗਿਆਨ ਕਿਸੇ ਵੀ ਆਤਮਾ ਨੂੰ ਨਹੀਂ ਬਚਾ ਸਕਦਾ। ਗੁਆਚੇ ਹੋਏ ਪਾਪੀਆਂ ਲਈ ਨਵਾਂ ਜਨਮ, ਨਵਾਂ ਦਿਲ, ਨਵੀਂ ਜ਼ਿੰਦਗੀ ਜ਼ਰੂਰੀ ਹੈ। ਇਹੀ ਇੰਜੀਲ ਦਾ ਪੈਗਾਮ ਹੈ। ਯਿਸੂ ਸਾਨੂੰ ਥੋੜੇ ਜਿਹੇ ਸੁਧਾਰ ਦੀ ਨਹੀਂ, ਬਲਕਿ ਇਕ ਨਵੀਂ ਸਰਿਸ਼ਟ ਬਣਨ ਦੀ ਪੇਸ਼ਕਸ਼ ਕਰਦਾ ਹੈ (ਯੂਹੰਨਾ 3:3, 5, 7; 2 ਕੁਰਿੰਥੀਆਂ 5:17)। ਯਿਸੂ ਬਹੁਤਾਇਤ ਦੀ ਜ਼ਿੰਦਗੀ ਹੈ (ਯੂਹੰਨਾ 10:10; 14:6)। ਇਕ ਬੇਘਰੇ ਆਦਮੀ ਨੂੰ ਪ੍ਰਚਾਰਕ ਨਾਲੋਂ ਵੱਧ ਗਿਆਨ ਸੀ। ਪ੍ਰਚਾਰਕ ਨੇ ਹਮਦਰਦੀ ਦੇ ਕਾਰਣ ਉਸ ਆਦਮੀ ਨੂੰ ਕੰਮ ਤੇ ਲਾਉਣ ਦੀ ਪੇਸ਼ਕਸ਼ ਕੀਤੀ। ਪਰ ਬੇਘਰ ਬੰਦੇ ਨੇ ਬੜੀ ਸਿਆਣਪ ਨਾਲ ਜਵਾਬ ਦਿੱਤਾ, ''ਮੈਨੂੰ ਨੌਕਰੀ ਨਹੀਂ ਚਾਹੀਦੀ, ਮੈਨੂੰ ਤਾਂ ਪ੍ਰਭੂ ਚਾਹੀਦਾ ਹੈ।'' ਉਹ ਨੌਕਰੀ ਦੀ ਅਹਿਮੀਅਤ ਨੂੰ ਨਕਾਰ ਨਹੀਂ ਰਿਹਾ ਸੀ, ਬਲਕਿ ਉਹ ਆਪਣੀ ਹੋਰ ਵੱਡੀ ਲੋੜ ਨੂੰ ਸਵੀਕਾਰ ਕਰ ਰਿਹਾ ਸੀ। ਯਾਕੂਬ ਨੇ ਕਿਹਾ, ''ਬਜ਼ੁਰਗਾਂ ਨੂੰ ਬੁਲਾਓ ... ਕਲੀਸੀਆ ਨੂੰ ਬੁਲਾਓ ... ਸੱਚਾਈ ਤੇ ਵਿਸ਼ਵਾਸ ਲਈ ਪੁਕਾਰੋ।'' ਰੂਹਾਨੀ ਤੌਰ ਤੇ ਸਿੱਧੇ ਹੋਵੋ, ਤਾਂ ਕਿ ਤੁਸੀਂ ਸਰੀਰਕ ਰੂਪ ਵਿਚ ਚੰਗੇ ਹੋ ਸਕੋ। ਮਨੁੱਖ ਦੀ ਸਭ ਤੋਂ ਵੱਡੀ ਗ਼ਲਤੀ ਆਪਣੀ ਜ਼ਿੰਦਗੀ

ਨੂੰ ਆਪਣੇ ਹੱਥਾਂ ਵਿਚ ਲੈਣਾ ਹੈ। ਵਿਲਿਅਮ ਈ. ਹੈਲੇ ਨੇ ਆਪਣੀ ਕਵਿਤਾ ''ਇਨਵਿਕਟਸ'' ਵਿੱਚ ਇਕ ਸ਼ਾਨਦਾਰ ਗੱਲ ਕਹੀ ਹੈ:

> ਮੈਂ ਆਪਣੀ ਕਿਸਮਤ ਦਾ ਮਾਲਿਕ ਹਾਂ;
> ਮੈਂ ਆਪਣੀ ਆਤਮਾ ਦਾ ਚਾਲਕ ਹਾਂ।

ਉਸਦਾ ਕੀ ਹੋਇਆ? ਉਸਨੇ ਖੁਦਕੁਸ਼ੀ ਕਰ ਲਈ।

ਜੇਕਰ ਖ਼ੁਦਾ ਚੰਗਿਆਈ ਨਹੀਂ ਦੇ ਸਕਦਾ ਤਾਂ ਉਸ ਤੋਂ ਸ਼ਾਂਤੀ ਲਈ ਦੁਆ ਕਰਨ ਦੀ ਕੀ ਲੋੜ ਹੈ? ਖ਼ੁਦਾ ਜੇ ਬਿਮਾਰ ਨੂੰ ਚੰਗਾ ਨਹੀਂ ਕਰ ਸਕਦਾ, ਤਾਂ ਉਹ ਕਿਸੇ ਦੁਖੀ ਨੂੰ ਤਸੱਲੀ ਵੀ ਨਹੀ ਦੇ ਸਕਦਾ। ਦੁਆ ਵਿਚ ਯਕੀਨ ਦਾ ਸਾਰ ਦੁਆ ਨਾਲ ਚੰਗਿਆਈ ਵਿਚ ਯਕੀਨ ਹੈ। ਖ਼ੁਦਾ ਉਨ੍ਹਾਂ ਦੀ ਮਦਦ ਕਰਦਾ ਹੈ, ਜਿਹੜੇ ਆਪਣੀ ਮਦਦ ਆਪ ਨਹੀਂ ਕਰ ਸਕਦੇ।

(3) ਸਾਡੇ ਲਈ ਦੁਆ ਵਿਚ ਵਧਣਾ ਅਤੇ ਮਜ਼ਬੂਤ ਹੋਣਾ ਜ਼ਰੂਰੀ ਹੈ। ਸਾਨੂੰ ਚੰਗਿਆਈ ਇਸ ਲਈ ਨਹੀਂ ਮਿਲਦੀ ਕਿਉਂਕਿ ਅਸੀਂ ਆਪਣੇ ਆਪ ਨਾਲ ਗੱਲ ਕਰਨ ਦੀ ਥਾਂ ਆਪਣੇ ਆਪ ਦੀ ਸੁਣਨ ਲੱਗਦੇ ਹਾਂ। ਲਾਪਰਵਾਹੀ ਨਾਲ ਸੁਣਨਾ ਸਿਰਫ਼ ਤਰਸਯੋਗ ਹੁੰਦਾ ਹੈ। ਆਪਣੇ ਆਪ ਨਾਲ ਗੱਲ ਕਰਨਾ ਯਾਕੂਬ 5 ਅਧਿਆਇ ਦੀ ਤਸਦੀਕ ਕਰਨਾ ਹੈ। ਬਚਕਾਨੀ ਦੁਆ ਵਿਚ ਅਸੀਂ ਬੇਨਤੀ ਕਰਦੇ, ਖ਼ੁਸੀ ਨਾਲ ਬੁਲ੍ਹ ਬਾਹਰ ਕੱਢਦੇ ਅਤੇ ਮੰਗ ਰੱਖਦੇ ਹਾਂ। ਅਸੀਂ ਖ਼ੁਦਾ ਤੋਂ ਜਾਦੂਗਰ ਬਣਨ ਦੀ ਮੰਗ ਕਰਦੇ ਹਾਂ। ਅਸੀਂ ਫੌਰੀ ਹੱਲ ਚਾਹੁੰਦੇ ਹਾਂ ਅਤੇ ਛੱਲ ਕਪਟ ਵਾਲੀਆਂ ਦੁਆਵਾਂ ਕਰਦੇ ਹਾਂ। ਅਸਲ ਦੁਆਵਾਂ ਵਿਚ ਅਸੀਂ ਐਲਡਰਾਂ ਨੂੰ ਸੱਦਦੇ, ਕਲੀਸੀਆ ਦੇ ਸਮਾਜ ਤੇ ਭਰੋਸਾ ਰੱਖਦੇ ਅਤੇ ਖ਼ੁਦਾ ਨੂੰ ਆਪਣੀ ਜ਼ਿੰਦਗੀ ਦਾ ਕੰਟਰੋਲ ਦਿੰਦੇ ਹਾਂ। ਮਸੀਹੀ ਲੋਕਾਂ ਲਈ ਦੁਆ ਕਰਨਾ ਸਭ ਤੋਂ ਵੱਖ ਬਰਕਤ ਅਤੇ ਸਭ ਤੋਂ ਪ੍ਰਮੁੱਖ ਕਾਰਜ ਹੈ।

ਯਾਕੂਬ ਨੇ ਕਿਹਾ ਹੈ ਕਿ ਚੰਗਾ ਹੋਣ ਲਈ ਦੁਆ ਕਰੋ। ਬੇਸ਼ੱਕ ਅੱਜ ਮੋਅਜਜ਼ੇ ਨਹੀਂ ਹੁੰਦੇ, ਪਰ ਦੁਆ ਦਾ ਜਵਾਬ ਜ਼ਰੂਰ ਮਿਲਦਾ ਹੈ। 2 ਤਿਮੋਥਿਉਸ 4:20 ਵਿਚ ਇਕ ਮਹਾਨ ਸਬਕ ਸਿਖਾਇਆ ਗਿਆ ਹੈ: ''... ਤ੍ਰੋਫ਼ਿਮੁਸ ਨੂੰ ਮੈਂ ਮਿਲੇਤੁਸ ਵਿਚ ਮਾਂਦਾ ਛੱਡ ਆਇਆ।'' ਪੌਲੁਸ ਨੇ ਇਹ ਖ਼ਤ ਲਿਖਿਆ ਅਤੇ ਉਹ ਉਹੀ ਗੱਲ ਕਰ ਰਿਹਾ ਸੀ, ਜੋ ਹੋਇਆ ਹੈ। ਉਹ ਮੋਅਜਜ਼ਿਆਂ ਦਾ ਕਰਨ ਵਾਲਾ ਸੀ। ਮੋਅਜਜ਼ੇ ਕਰਨ ਵਾਲੇ ਉਨ੍ਹਾਂ ਹੱਥਾਂ ਨਾਲ ਤ੍ਰੋਫ਼ਿਮੁਸ ਨੂੰ ਚੰਗਾ ਨਹੀਂ ਕੀਤਾ ਗਿਆ ਸੀ। ਉਹ ਦੁਆ ਦੇ ਫ਼ਜ਼ਲ ਤੇ ਸੀ। ਮੋਅਜਜ਼ੇ ਰਾਹੀਂ ਵਿਸ਼ਵਾਸ ਨਾਲ ਚੰਗਿਆਈ ਹੋਣੀ ਬੰਦ ਹੋ ਚੁਕੀ ਸੀ; ਪਰ ਚੰਗਿਆਈ ਲਈ ਦੁਆ ਅੱਜ ਵੀ ਹੁੰਦੀ ਸੀ। *ਦੁਆ ਕਰੋ!*

**"ਹੇ ਪ੍ਰਭੂ, ਮੇਰਾ ਯਕੀਨ ਦੁਆ ਵਿਚ ਨਹੀਂ ਹੈ। ਮੇਰਾ ਯਕੀਨ ਤੇਰੇ ਉੱਤੇ ਹੈ। ਮੈਨੂੰ ਯਕੀਨ ਨਾਲ ਦੁਆ ਕਰਨੀ ਸਿਖਾ ਦੇ।"**